# ਆਕਾਸ਼ਵਾਣੀ ਜਲੰਧਰ

## ਪ੍ਰਦੇਸ਼ਿਕ ਖਬਰਾਂ ਪੰਜਾਬੀ

**18:20 Pm**

**ਮਿਤੀ: 07-06-2024**

- ਭਾਰਤੀ ਜਨਤਾ ਪਾਰਟੀ ਦੇ ਸੀਨੀਅਰ ਨੇਤਾ ਨਰੇਂਦਰ ਮੋਦੀ, ਸਰਵ ਸਹਿਮਤੀ ਨਾਲ NDA ਸੰਸਦੀ ਦਲ ਦੇ ਨੇਤਾ ਚੁਣੇ ਗਏ, ਕਿਹਾ ਕਿ ਇਹ 'ਰਾਸ਼ਟਰ ਪਹਿਲਾਂ' ਦੇ ਸਿਧਾਂਤ ਲਈ ਵਚਨਬੱਧ ਇੱਕ ਸੰਗਠਿਤ ਗਠਜੋੜ ਏ।
- ਪੰਜਾਬ ਦੇ ਮੁੱਖ ਸਕੱਤਰ ਅਨੁਰਾਗ ਵਰਮਾ ਅਨੁਸਾਰ, ਸੂਬਾ ਸਰਕਾਰ ਮਾਨਸੂਨ ਸੀਜ਼ਨ ਦੌਰਾਨ, ਕਿਸੇ ਵੀ ਸਥਿਤੀ ਨਾਲ ਨਜਿੱਠਣ ਲਈ ਪੂਰੀ ਤਰ੍ਹਾਂ ਤਿਆਰ ਏ।
- ਸੀ.ਬੀ.ਆਈ ਦੀ ਵਿਸ਼ੇਸ਼ ਅਦਾਲਤ ਨੇ. ਤਰਨਤਾਰਨ ਨਾਲ ਜੁੜੇ 31 ਸਾਲ ਪੁਰਾਣੇ ਫਰਜ਼ੀ ਐਨਕਾਊਂਟਰ ਮਾਮਲੇ ਵਿਚ, ਸਾਬਕਾ DIG ਨੂੰ 7 ਸਾਲ ਦੀ ਜੇਲ੍ਹ ਤੇ ਸਾਬਕਾ DSP ਨੂੰ ਉਮਰਕੈਦ ਦੀ ਸਜ਼ਾ ਸੁਣਾਈ।

- ਮੌਸਮ ਵਿਭਾਗ ਨੇ ਪੰਜਾਬ ਵਿਚ ਅੱਜ ਫੇਰ, 50 ਤੋਂ 60 ਕਿਲੋ-ਮੀਟਰ ਪ੍ਰਤੀ ਘੰਟੇ ਦੀ ਰਫਤਾਰ ਨਾਲ ਹਨੇਰੀ ਝੱਖੜ ਝੂਲਣ ਤੇ ਗਰਜ ਚਮਕ ਨਾਲ ਮੀਂਹ ਪੈਣ ਦੀ ਚੇਤਾਵਨੀ ਦਿੱਤੀ ਏ ।

-----------------------------------------------------------

ਭਾਰਤੀ ਜਨਤਾ ਪਾਰਟੀ ਦੇ ਸੀਨੀਅਰ ਨੇਤਾ ਨਰੇਂਦਰ ਮੋਦੀ ਨੇ, ਲੋਕ ਸਭਾ ਚੋਣਾਂ ਦੇ ਨਤੀਜਿਆਂ ਨੂੰ ਰਾਸ਼ਟਰੀ ਜਮਹੂਰੀ ਗਠਜੋੜ NDA ਦੀ ਵੱਡੀ ਜਿੱਤ ਦੱਸਿਆ ਏ । ਨਵੀਂ ਦਿੱਲੀ ਵਿਖੇ ਪੁਰਾਣੇ ਸੰਸਦ ਭਵਨ ਵਿੱਚ ਹੋਈ ਮੀਟਿੰਗ ਦੌਰਾਨ, ਸਰਵ ਸਹਿਮਤੀ ਨਾਲ NDA ਸੰਸਦੀ ਦਲ ਦਾ ਨੇਤਾ ਚੁਣੇ ਜਾਣ ਤੋਂ ਬਾਅਦ, ਆਪਣੇ ਸੰਬੋਧਨ ਵਿਚ ਉਨ੍ਹਾਂ ਕਿਹਾ ਕਿ ਜੇਕਰ ਗੱਠਜੋੜ ਦੇ ਇਤਿਹਾਸ 'ਚ, ਅੰਕੜਿਆਂ 'ਤੇ ਨਜ਼ਰ ਮਾਰੀਏ ਤਾਂ ਇਹ ਸਭ ਤੋਂ ਮਜ਼ਬੂਤ ਗੱਠਜੋੜ ਸਰਕਾਰ ਏ ਅਤੇ NDA ਸੱਤਾ ਵਿੱਚ ਆਉਣ ਵਾਲੀਆਂ ਪਾਰਟੀਆਂ ਦਾ ਸਮੂਹ ਨਹੀਂ ਏ, ਇਹ 'ਰਾਸ਼ਟਰ ਪਹਿਲਾਂ' ਦੇ ਸਿਧਾਂਤ ਲਈ ਵਚਨਬੱਧ ਇੱਕ ਸੰਗਠਿਤ ਗਠਜੋੜ ਏ । ਨਰੇਂਦਰ ਮੋਦੀ ਨੇ ਜ਼ਿੰਦਗੀ 'ਚ ਵਿਸ਼ਵਾਸ 'ਤੇ ਜ਼ੋਰ ਦਿੰਦਿਆਂ ਕਿਹਾ ਕਿ ਤੁਸੀਂ ਮੈਨੂੰ 2019 'ਚ ਆਪਣਾ ਨੇਤਾ ਚੁਣਿਆ ਅਤੇ ਅੱਜ 2024 'ਚ

ਵੀ, ਤੁਹਾਡੇ ਚੁਣੇ ਹੋਏ ਨੇਤਾ ਦੇ ਰੂਪ 'ਚ ਇੱਥੇ ਖੜ੍ਹੇ ਹੋ ਕੇ, ਮੈਨੂੰ ਲੱਗਦਾ ਏ ਕਿ ਸਾਡੇ ਵਿਚਕਾਰ 'ਵਿਸ਼ਵਾਸ ਦਾ ਪੁਲ' ਬਹੁਤ ਮਜ਼ਬੂਤ ਰਿਹਾ ਏ । ਉਨਾਂ NDA ਦਾ ਨੇਤਾ ਚੁਣੇ ਜਾਣ 'ਤੇ ਸਾਰੇ ਸਹਿਯੋਗੀਆਂ ਦਾ ਧੰਨਵਾਦ ਕੀਤਾ ਅਤੇ ਨਵੇਂ ਚੁਣੇ ਸੰਸਦ ਮੈਂਬਰਾਂ ਦਾ ਧੰਨਵਾਦ ਕਰਨ ਦੇ ਨਾਲ-ਨਾਲ ਪਾਰਟੀ ਵਰਕਰਾਂ ਦੀ ਸਖ਼ਤ ਮਿਹਨਤ ਨੂੰ ਵੀ ਨਮਨ ਕੀਤਾ । ਨਰੇਂਦਰ ਮੋਦੀ ਨੇ ਕਿਹਾ ਕਿ ਦੇਸ਼ ਨੂੰ ਚਲਾਉਣ ਲਈ ਸਰਬਮਤ ਬਹੁਤ ਜ਼ਰੂਰੀ ਏ ਅਤੇ ਭਾਰਤ ਦੇ ਇੰਨੇ ਮਹਾਨ ਲੋਕਤੰਤਰ ਦੀ ਤਾਕਤ ਦੇਖੋ ਕਿ ਅੱਜ ਲੋਕਾਂ ਨੇ ਦੇਸ਼ ਦੇ 22 ਸੂਬਿਆਂ ਵਿੱਚ ਸਰਕਾਰ ਬਣਾ ਕੇ, NDA ਨੂੰ ਸੇਵਾ ਕਰਨ ਦਾ ਮੌਕਾ ਦਿੱਤਾ ਏ । ਉਨਾਂ ਕਿਹਾ ਕਿ ਇਹ ਗਠਜੋੜ ਸਹੀ ਅਰਥਾਂ ਵਿੱਚ ਭਾਰਤ ਦੀ ਆਤਮਾ ਏ ਅਤੇ ਅਸੀਂ ‘ਸਰਵ ਧਰਮ ਸਮਭਾਵ’ ਦੇ ਸਿਧਾਂਤ ਪ੍ਰਤੀ ਵਚਨਬੱਧ ਹਾਂ ।

-----------------------------------------------------

ਪੰਜਾਬ BJP ਦੇ ਮੀਤ ਪ੍ਰਧਾਨ ਡਾਕਟਰ ਸੁਭਾਸ਼ ਸ਼ਰਮਾ ਨੇ ਕਿਹਾ ਏ, ਕਿ ਪੰਜਾਬ ਵਿੱਚ ਹਾਲ ਹੀ ਵਿੱਚ ਹੋਈਆਂ ਲੋਕ ਸਭਾ ਚੋਣਾਂ ਵਿੱਚ ਆਪਣੀ ਕਾਰਗੁਜ਼ਾਰੀ ਤੋਂ BJP ਬੇਹੱਦ ਉਤਸਾਹਿਤ ਏ । ਮੁਹਾਲੀ ਵਿਖੇ ਜ਼ਿਲ੍ਹਾ

ਭਾਜਪਾ ਪ੍ਰਧਾਨ ਸੰਜੀਵ ਵਸ਼ਿਸ਼ਟ ਅਤੇ BJP ਦੇ ਸੂਬਾ ਸਹਿ ਕੈਸ਼ੀਅਰ ਸੁਖਵਿੰਦਰ ਸਿੰਘ ਗੋਲਡੀ ਨਾਲ ਅੱਜ ਇਕ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ, ਉਨ੍ਹਾਂ ਜਵਾਹਰ ਲਾਲ ਨਹਿਰੂ ਤੋਂ ਬਾਅਦ ਪ੍ਰਧਾਨ ਮੰਤਰੀ ਮੋਦੀ ਦੇ ਤੀਜੀ ਵਾਰ ਪ੍ਰਧਾਨ ਮੰਤਰੀ ਬਣਨ ਲਈ ਸਾਰਿਆਂ ਨੂੰ ਵਧਾਈ ਦਿੰਦਿਆਂ ਇਕ ਵਧੀਆ ਭਵਿੱਖ ਦੀ ਕਾਮਨਾ ਵੀ ਕੀਤੀ। ਸੁਭਾਸ਼ ਸ਼ਰਮਾ ਨੇ ਕਿਹਾ ਕਿ ਚੋਣਾਂ ਤੋਂ ਪਹਿਲਾਂ ਹੀ, ਉਨਾਂ ਇਹ ਭਵਿੱਖਬਾਣੀ ਕੀਤੀ ਸੀ, ਕਿ ਨਤੀਜੇ ਜੋ ਵੀ ਹੋਣ, ਵੋਟਰਾਂ ਦੀ ਹਿੱਸੇਦਾਰੀ ਦੇ ਮਾਮਲੇ ਵਿਚ BJP ਵਾਧਾ ਦਿਖਾਏਗੀ। ਉਨ੍ਹਾਂ ਕਿਹਾ ਕਿ ਇਸ ਨਾਲ ਪਾਰਟੀ ਦਾ ਮਨੋਬਲ ਵਧਿਆ ਏ ਅਤੇ ਉਹ ਨਗਰ ਨਿਗਮ ਚੋਣਾਂ, ਬਲਾਕ ਸੰਮਤੀ ਅਤੇ ਜ਼ਿਲ੍ਹਾ ਪ੍ਰੀਸ਼ਦ ਚੋਣਾਂ ਇਕੱਲੇ ਲੜਨ ਲਈ ਦ੍ਰਿੜ ਨੇ। ਆਮ ਆਦਮੀ ਪਾਰਟੀ ਦੀ ਹਾਰ 'ਤੇ ਟਿੱਪਣੀ ਕਰਦਿਆਂ ਸੁਭਾਸ਼ ਸ਼ਰਮਾ ਨੇ ਕਿਹਾ ਕਿ ਕੋਈ 60 ਵਿਧਾਨ ਸਭਾ ਹਲਕਿਆਂ ਵਿੱਚ ਇਹ ਪਾਰਟੀ ਹਾਰ ਗਈ ਏ।

-------------------------------------------------------

ਏਧਰ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਭਰੋਸਾ ਦੁਆਇਆ ਏ, ਕਿ ਉਹ ਲੰਬੀ ਦੇ ਲੋਕਾਂ ਦੀ ਉਸੇ ਤਰੀਕੇ ਸੇਵਾ

ਕਰਨਗੇ ਜਿਵੇਂ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਕੀਤੀ। ਉਨਾਂ ਕਿਹਾ ਕਿ ਸੱਤਾ ਦਾ ਉਨਾਂ ਨੂੰ ਕੋਈ ਲਾਲਚ ਨਹੀਂ ਏ ਅਤੇ ਅਸਲ ਵਿਚ ਜਦੋਂ ਸਾਲ 2012 ਵਿਚ ਮੁੜ ਅਕਾਲੀ ਦਲ ਦੀ ਸਰਕਾਰ ਬਣੀ ਸੀ ਤਾਂ ਪ੍ਰਕਾਸ਼ ਸਿੰਘ ਬਾਦਲ, ਉਨ੍ਹਾਂ ਨੂੰ ਮੰਤਰੀ ਵਜੋਂ ਸਹੁੰ ਚੁਕਾਉਣਾ ਚਾਹੁੰਦੇ ਸਨ, ਪਰ ਉਨ੍ਹਾਂ ਇਨਕਾਰ ਕਰ ਦਿੱਤਾ ਸੀ। ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਅਜਿਹੇ ਮੌਕੇ ਬਾਅਦ ਵਿਚ ਵੀ ਆਏ ਪਰ ਉਹ ਸਪਸ਼ਟ ਸਨ ਕਿ ਸਿਰਫ ਪ੍ਰਕਾਸ਼ ਸਿੰਘ ਬਾਦਲ ਹੀ ਸਾਡੀ ਅਗਵਾਈ ਕਰਨ। ਸੂਬੇ ਵਿਚ ਅਕਾਲੀ ਦਲ ਦੀ ਹਾਰ ਬਾਰੇ ਗੱਲ ਕਰਦਿਆਂ, ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਸਾਨੂੰ ਸਮਝਣ ਦੀ ਲੋੜ ਏ ਕਿ ਸਾਡੇ ਸੂਬੇ ਵਾਸਤੇ ਕੀ ਸਹੀ ਏ। ਉਨਾਂ ਕਿਹਾ ਕਿ ਅਕਾਲੀ ਦਲ ਪੰਜਾਬ ਦੇ ਹੱਕਾਂ ਲਈ ਸੰਘਰਸ਼ ਕਰਦਾ ਰਹੇਗਾ, ਤੇ ਲੋਕਾਂ ਨੂੰ ਅਪੀਲ , ਕਿ ਉਹ ਆਪਣੀ ਖੇਤਰੀ ਪਾਰਟੀ ਨੂੰ ਮਜ਼ਬੂਤ ਕਰਨ। ਉਨਾਂ ਕਿਹਾ ਕਿ ਸਿਰਫ ਅਕਾਲੀ ਦਲ ਹੀ ਪੰਜਾਬੀਆਂ ਦੀਆਂ ਆਸਾਂ ਪੂਰੀਆਂ ਕਰ ਸਕਦਾ ਏ।

---------------------------------------------------------------------

ਚੋਣਾਂ ਤੋਂ ਬਾਅਦ ਵੀ ਕਾਂਗਰਸ 'ਚ ਆਪਸੀ ਕਲੇਸ਼ ਖਤਮ ਨਹੀਂ ਹੋ ਰਿਹਾ ਅਤੇ ਹੁਣ ਸਾਬਕਾ ਮੰਤਰੀ ਲਾਲ ਸਿੰਘ ਨੂੰ ਕਾਂਗਰਸ ਪਾਰਟੀ ਚੋ ਬਾਹਰ ਕੱਢਣ ਦੀ ਮੰਗ ਸ਼ੁਰੂ ਹੋ ਗਈ ਏ । ਹਲਕਾ ਸਨੋਰ ਦੇ ਇੰਚਾਰਜ ਹੈਰੀ ਮਾਨ ਨੇ, ਪਟਿਆਲਾ ਵਿਚ ਇਕ ਪ੍ਰੈਸ ਕਾਨਫਰੰਸ ਦੌਰਾਨ, ਲਾਲ ਸਿੰਘ ਤੇ ਦੋਸ਼ ਲਗਾਉਂਦਿਆਂ ਕਿਹਾ ਕਿ ਉਨਾਂ ਦੀ ਇਕ ਆਡੀਓ ਵਾਇਰਲ ਹੋਈ ਏ, ਜਿਸ ਵਿਚ ਲਾਲ ਸਿੰਘ ਕਾਂਗਰਸੀ ਵਰਕਰਾਂ ਨੂੰ ਧਰਮਵੀਰ ਗਾਂਧੀ ਨੂੰ ਵੋਟ ਪਾਉਣ ਦੀ ਥਾਂ ਤੇ, ਅਕਾਲੀ ਉਮੀਦਵਾਰ ਨੂੰ ਵੋਟ ਪਾਉਣ ਦੀ ਅਪੀਲ ਕਰ ਰਹੇ ਨੇ। ਉਨਾਂ ਕਿਹਾ ਕਿ ਇਹ ਇਕਲੀ ਆਡੀਓ ਨਹੀਂ ਬਲਕਿ ਅਜਿਹੀਆਂ ਬਹੁਤ ਸਾਰੀਆਂ ਆਡੀਓ ਮੌਜੂਦ ਨੇ ਜਿਹੜੀਆਂ ਹਾਈ ਕਮਾਂਡ ਨੂੰ ਭੇਜ ਦਿਤੀਆਂ ਗਈਆਂ ਨੇ । ਸਾਡੇ ਪੱਤਰਕਾਰ ਅਨੁਸਾਰ ਲਾਲ ਸਿੰਘ ਦਾ ਕਹਿਣਾ ਏ, ਕਿ ਕਾਂਗਰਸ ਦਾ ਹਲਕਾ ਪ੍ਰਧਾਨ ਉਨ੍ਹਾਂ ਵਿਰੁੱਧ ਸਾਜਿਸ਼ ਰਚ ਰਿਹਾ ਏ, ਜਿਸਦੀ ਸ਼ਿਕਾਇਤ ਓਹ ਹਾਈ ਕਮਾਂਡ ਨੂੰ ਕਰਨਗੇ ।

---------------------------------------------------------------

ਪੰਜਾਬ ਦੇ ਮੁੱਖ ਸਕੱਤਰ ਅਨੁਰਾਗ ਵਰਮਾ ਨੇ ਸਬੰਧਤ ਵਿਭਾਗਾਂ ਦੇ ਉਚ ਅਧਿਕਾਰੀਆਂ ਅਤੇ ਸਮੂਹ ਡਿਪਟੀ ਕਮਿਸ਼ਨਰਾਂ ਨਾਲ ਅੱਜ ਇਕ ਮੀਟਿੰਗ ਕਰਕੇ ਆਗਾਮੀ ਮਾਨਸੂਨ ਸੀਜ਼ਨ ਦੌਰਾਨ ਕਿਸੇ ਵੀ ਸਥਿਤੀ ਨਾਲ ਨਜਿੱਠਣ ਅਤੇ ਹੜ੍ਹਾਂ ਦੀ ਰੋਕਥਾਮ ਸਬੰਧੀ ਕਾਰਜਾਂ  ਦੀ ਸਥਿਤੀ ਤੇ ਤਿਆਰੀਆਂ ਦਾ ਜਾਇਜ਼ਾ ਲਿਆ । ਉਨਾਂ ਕਿਹਾ ਕਿ ਸੂਬਾ ਸਰਕਾਰ, ਮਾਨਸੂਨ ਸੀਜ਼ਨ ਦੌਰਾਨ ਕਿਸੇ ਵੀ ਸਥਿਤੀ ਨਾਲ ਨਜਿੱਠਣ ਲਈ ਪੂਰੀ ਤਰ੍ਹਾਂ ਤਿਆਰ ਏ ਅਤੇ ਵੱਡੀ ਗਿਣਤੀ ਵਿੱਚ ਪ੍ਰਗਤੀ ਅਧੀਨ ਕੰਮ ਮੌਨਸੂਨ ਸ਼ੁਰੂ ਹੋਣ ਤੋਂ ਪਹਿਲਾਂ ਮੁਕੰਮਲ ਕਰ ਲਏ ਜਾਣਗੇ। ਮੁੱਖ ਸਕੱਤਰ ਨੇ ਡਿਪਟੀ ਕਮਿਸ਼ਨਰਾਂ ਨੂੰ ਪਿਛਲੀਆਂ ਘਟਨਾਵਾਂ ਨੂੰ ਧਿਆਨ ਵਿੱਚ ਰੱਖਦਿਆਂ ਵੱਖ-ਵੱਖ ਰਣਨੀਤਕ ਥਾਵਾਂ ’ਤੇ ਮਿੱਟੀ ਨਾਲ ਭਰੇ ਈ.ਸੀ. ਥੈਲਿਆਂ ਦਾ ਸਟਾਕ ਰੱਖਣ ਦੇ ਨਿਰਦੇਸ਼ ਦਿੱਤੇ। ਉਨਾਂ ਕਿਹਾ ਕਿ ਡਿਪਟੀ ਕਮਿਸ਼ਨਰ ਆਪੋ-ਆਪਣੇ ਜ਼ਿਲ੍ਹਿਆਂ ਵਿੱਚ ਕੀਤੇ ਗਏ ਕੰਮਾਂ ਦਾ ਜਾਇਜ਼ਾ ਲੈਣ ਤੇ ਆਪਣੇ ਅਧਿਕਾਰ ਖੇਤਰ ਅਧੀਨ ਨਾਜ਼ੁਕ ਥਾਵਾਂ ਦਾ ਦੌਰਾ ਕਰ ਕੇ ਸਮੀਖਿਆ ਕਰਨ।

---

ਮੁਹਾਲੀ ਦੀ ਸੀ.ਬੀ.ਆਈ ਵਿਸ਼ੇਸ਼ ਅਦਾਲਤ ਨੇ ਤਰਨਤਾਰਨ ਨਾਲ ਜੁੜੇ 31 ਸਾਲ ਪੁਰਾਣੇ ਫਰਜ਼ੀ ਐਨਕਾਊਂਟਰ ਮਾਮਲੇ ਵਿਚ. ਸਾਬਕਾ DIG ਨੂੰ 7 ਸਾਲ ਦੀ ਜੇਲ੍ਹ ਤੇ ਸਾਬਕਾ DSP ਨੂੰ ਉਮਰਕੈਦ ਦੀ ਸਜ਼ਾ ਸੁਣਾਈ ਏ। ਇਹ ਮਾਮਲਾ ਸਬਜ਼ੀ ਵਿਕਰੇਤਾ ਗੁਲਸ਼ਨ ਕੁਮਾਰ ਨੂੰ ਅਗਵਾ ਤੇ ਕਤਲ ਕਰਨ ਦਾ ਏ। ਵਿਸ਼ੇਸ਼ CBI ਅਦਾਲਤ ਦੇ ਜੱਜ ਆਰ ਕੇ ਗੁਪਤਾ ਨੇ, ਪੰਜਾਬ ਪੁਲਿਸ ਦੇ ਸਾਬਕਾ DIG ਦਿਲਬਾਗ ਸਿੰਘ ਤੇ ਸਾਬਕਾ DSP ਗੁਰਬਚਨ ਸਿੰਘ ਨੂੰ ਛੂਠੇ ਮੁਕਾਬਲੇ 'ਚ ਕਲ ਦੋਸ਼ੀ ਕਰਾਰ ਦਿੱਤਾ ਸੀ ਤੇ ਅੱਜ ਸਜ਼ਾ ਸੁਣਾਈ। ਲਾਵਾਰਸ ਲਾਸ਼ਾਂ ਦਾ ਵੱਡੇ ਪੱਧਰ 'ਤੇ ਸਸਕਾਰ ਕਰਨ ਦਾ ਮਾਮਲਾ, ਸਾਲ 1995 'ਚ ਸੁਪਰੀਮ ਕੋਰਟ ਨੇ CBI ਨੂੰ ਸੌਂਪਿਆ ਸੀ। ਗੁਲਸ਼ਨ ਕੁਮਾਰ, ਜਿਸ ਨੂੰ ਕਿ ਮੁਕਾਬਲੇ ਵਿਚ ਮਾਰ ਮੁਕਾਇਆ ਗਿਆ ਸੀ, ਦੇ ਪਿਤਾ ਚਮਨ ਲਾਲ ਦੀ ਸ਼ਿਕਾਇਤ 'ਤੇ, ਸੀ ਬੀ ਆਈ ਨੇ ਮਾਮਲੇ ਦੀ ਜਾਂਚ ਕੀਤੀ ਸੀ।

---

ਦੇਸ਼ ਵਿਚ ਗੁਲਾਮੀ ਰਾਜ ਸਮੇ ਸਾਲ 1872 ਵਿਚ ਬਣੇ ਤਿੰਨ ਕਾਨੂੰਨਾਂ

ਦੀ ਪਹਿਲੀ ਜੁਲਾਈ ਨੂੰ ਵਿਦਾਇਗੀ ਹੋ ਜਾਵੇਗੀ। ਇੰਨ੍ਹਾ ਦੀ ਥਾਂ ਸਮੇਂ ਮੁਤਾਬਿਕ ਬਣਾਏ ਨਵੇਂ ਕਾਨੂੰਨ ਲਾਗੂ ਹੋ ਜਾਣਗੇ। ਇਨਾਂ ਤਿੰਨ ਕਾਨੂੰਨਾਂ ਵਿੱਚ ਔਰਤਾਂ ਤੇ ਬੱਚਿਆਂ ਪ੍ਰਤੀ ਜੁਰਮਾਂ ‘ਤੇ ਖਾਸ ਨਜ਼ਰ ਰੱਖੀ ਗਈ ਏ। ਜਿਣਸੀ ਜ਼ੁਰਮਾਂ ਨਾਲ ਨਜਿੱਠਣ ਲਈ ‘ਔਰਤਾਂ ਤੇ ਬੱਚਿਆਂ ਪ੍ਰਤੀ ਅਪਰਾਧ ਨਾਂ ਦਾ ਇੱਕ ਨਵਾਂ ਅਧਿਆਇ ਸ਼ਾਮਿਲ ਕੀਤਾ ਗਿਆ ਏ।

***ਹੋਰ ਵੇਰਵੇ ਨਾਲ ਇਹ ਰਿਪੋਰਟ : ਡਿਸਪੈਚ: ਤਿੰਨ ਨਵੇਂ ਕਾਨੂੰਨ ਭਾਰਤੀ ਨਿਆਏ ਸੰਹਿਤਾ, ਭਾਰਤੀ ਨਾਗਰਿਕ ਸੁਰਕਸ਼ਾ ਸੰਹਿਤਾ ਅਤੇ ਭਾਰਤੀ ਸਾਕਸ਼ਯ ਐਕਟ ਬਸਤੀਵਾਦੀ ਯੁਗ ਦੇ ਇੰਡੀਅਨ ਪੀਨਲ ਕੋਡ, ਕੋਡ ਆਫ ਕਰਿਮੀਨਲ ਪ੍ਰੋਸੀਜ਼ਰ ਅਤੇ ਇੰਡੀਅਨ ਐਵੀਡੈਂਸ ਐਕਟ ਦੀ ਥਾਂ ਲੈਣਗੇ। ਇਨਾਂ ਕਾਨੂੰਨਾਂ ਦਾ ਮਕਸਦ ਵੱਖ ਵੱਖ ਜੁਰਮਾਂ ਨੂੰ ਪਰਿਭਾਸ਼ਤ ਕਰਕੇ ਉਨ੍ਹਾਂ ਲਈ ਸਜ਼ਾ ਤੈਅ ਕਰਨਾ ਅਤੇ ਦੇਸ਼ ’ਚ ਅਪਰਾਧਿਕ ਨਿਆਂ ਪ੍ਰਣਾਲੀ ਨੂੰ ਬਦਲਣਾ ਏ। ਜਿਹੜੀਆਂ ਧਾਰਾਵਾਂ ਜੁਰਮ ਦੀ ਪਛਾਣ ਬਣ ਚੁੱਕੀਆ ਸਨ, ਨਵੇਂ ਕਾਨੂੰਨ ਲਾਗੂ ਹੋਣ ਤੋ ਬਾਅਦ ਉਨ੍ਹਾ ਵਿਚ ਵੀ ਬਦਲਾਅ ਹੋਵੇਗਾ। ਜਿਵੇਂ ਕਿ ਕਤਲ ਲਈ ਲਾਈ ਜਾਂਦੀ ਆਈ ਪੀ ਸੀ ਦੀ ਧਾਰਾ 302 ਹੁਣ ਧਾਰਾ 101 ਵਜੋਂ***

ਜਾਣੀ ਜਾਵੇਗੀ , ਠੱਗੀ ਲਈ ਲਾਈ ਜਾਂਦੀ ਧਾਰਾ 420 ਹੁਣ ਧਾਰਾ 316 ਹੋਵੇਗੀ ਜਦਕਿ ਜ਼ਬਰ ਜਿਨਾਹ ਵਾਲੀ ਧਾਰਾ 376 ਹੁਣ ਧਾਰਾ 63 ਹੋਵੇਗੀ। ਭਾਰਤੀ ਨਿਆ ਸਹਿੰਤਾ ਵਿੱਚ ਇਹ ਤੈਅ ਹੋਵੇਗਾ ਕਿ ਕਿਹੜਾ ਕੰਮ ਜੁਰਮ ਏ ਅਤੇ ਉਸ ਲਈ ਕੀ ਸਜ਼ਾ ਹੋਵੇਗੀ। ਆਈ ਪੀ ਸੀ ਦੀਆਂ 511 ਧਰਾਵਾਂ ਦੇ ਮੁਕਾਬਲੇ ਨਵੀਂ ਭਾਰਤੀ ਨਿਆਏ ਸਹਿੰਤਾ ਵਿੱਚ 358 ਧਰਾਵਾਂ ਹੋਣਗੀਆਂ, 21 ਨਵੇਂ ਜੁਰਮਾਂ ਨੂੰ ਇਸ ਵਿੱਚ ਸ਼ਾਮਿਲ ਕੀਤਾ ਗਿਆ ਏ । ਇਸੇ ਤਰਾਂ ਨਾਲ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ ਵਿੱਚ 531 ਧਾਰਾਵਾਂ ਹੋਣਗੀਆਂ। ਇਸ ਵਿਚ ਪੁਰਾਣੇ ਕ਼ਾਨੂਨ ਦੀਆਂ 177 ਧਾਰਾਵਾਂ ਨੂੰ ਬਦਲਿਆ ਗਿਆ ਏ ਅਤੇ ਨੌ ਨਵੀਆਂ ਧਾਰਾਵਾਂ ਜੋੜ ਕੇ 14 ਧਰਾਵਾਂ ਖਤਮ ਵੀ ਕੀਤੀਆਂ ਗਈਆਂ ਨੇ। ਅੱਤਵਾਦ, ਮੌਬ-ਲਿੰਚਿੰਗ ਅਤੇ ਕੌਮੀ ਸੁਰੱਖਿਆ ਖਤਰੇ ਵਿੱਚ ਪਾਉਣ ਵਾਲੇ ਜੁਰਮਾਂ ਲਈ ਸਜ਼ਾ ਹੋਰ ਸਖਤ ਕੀਤੀ ਗਈ ਏ। ਯਕੀਨਨ ਇਸ ਨਾਲ ਮੌਜੂਦਾ ਨਿਯਾ ਪ੍ਰਣਾਲੀ ਹੋਰ ਵਧੇਰੇ ਮਜਬੂਤ ਹੋਵੇਗੀ। ਸ਼ਿਸ਼ੂ ਸ਼ਰਮਾ ਸ਼ਾਂਤਲ, ਆਕਾਸ਼ਵਾਣੀ ਸਮਾਚਾਰ, ਜਲੰਧਰ।

---

ਇਸ ਦੌਰਾਨ ਤਿੰਨ ਨਵੇਂ ਅਪਰਾਧਿਕ ਕਾਨੂੰਨਾਂ ਬਾਰੇ, ਬਠਿੰਡਾ ਦੇ ਐਡਵੋਕੇਟ ਕੰਵਲਜੀਤ ਸਿੰਘ ਕੁਟੀ ਦਾ ਕਹਿਣਾ ਏ, ਕਿ ਸਮੇਂ ਦੀ ਮੰਗ ਅਨੁਸਾਰ ਇਹ ਬਦਲਾਅ ਬਿਲਕੁਲ ਸਹੀ ਏ।

---

ਪੰਜਾਬ ਵਿੱਚ ਲਗਾਤਾਰ ਦੂਜੇ ਦਿਨ ਕਲ ਦੇਰ ਸ਼ਾਮ ਤੇਜ ਹਨੇਰੀ ਝੱਖੜ ਨਾਲ ਪਏ ਹਲਕੇ ਮੀਂਹ ਮਗਰੋਂ, ਤਾਪਮਾਨ ਵਿਚ ਮਾਮੂਲੀ ਗਿਰਾਵਟ ਨਾਲ ਅੱਜ ਸੂਬੇ ਦੇ ਕਈ ਸ਼ਹਿਰਾਂ ਵਿੱਚ, ਸਵੇਰ ਸਮੇਂ ਮੌਸਮ ਠੀਕ ਪਰ ਦਿਨ ਦੁਪਹਿਰ ਵੇਲੇ ਫੇਰ ਲੋਕਾਂ ਨੂੰ ਗਰਮੀ ਦਾ ਸਾਹਮਣਾ ਕਰਨਾ ਪਿਆ। ਬੀਤੀ ਦੇਰ ਸ਼ਾਮ ਜਲੰਧਰ ਸਮੇਤ ਕਈ ਜ਼ਿਲਿਆਂ ਵਿੱਚ ਆਏ ਹਨੇਰੀ ਝੱਖੜ ਨਾਲ, ਸਾਈਨ ਬੋਰਡ, ਬਿਜਲੀ ਦੇ ਪੋਲ ਤੇ ਰੁੱਖ ਉੱਖੜ ਗਏ ਅਤੇ ਬਿਜਲੀ ਗੁੱਲ ਹੋ ਗਈ। ਮੌਸਮ ਵਿਭਾਗ ਨੇ ਅੱਜ ਲਈ ਸਮੁਚੇ ਸੂਬੇ ਵਿੱਚ, ਮੀਂਹ ਤੇ ਤੇਜ਼ ਹਵਾਵਾਂ ਸੰਬੰਧੀ ਆਰੇਂਜ ਤੇ ਯੈਲੋ ਅਲਰਟ ਜਾਰੀ ਕੀਤਾ ਏ। ਇਸ ਦੌਰਾਨ 50 ਤੋਂ 60 ਕਿਲੋ-ਮੀਟਰ ਪ੍ਰਤੀ ਘੰਟੇ ਦੀ

ਰਫ਼ਤਾਰ ਨਾਲ ਹਨੇਰੀ ਝੱਖੜ ਵਗਣ ਅਤੇ ਗ਼ਰਜ਼ ਚਮਕ ਨਾਲ ਮੀਂਹ ਪੈਣ ਦੀ ਚੇਤਾਵਨੀ ਦਿੱਤੀ ਗਈ ਏ।

---------------------------------------------------

## <u>ਅਖੀਰ ਵਿਚ ਖਾਸ ਖਬਰਾਂ ਇਕ ਵਾਰ ਫੇਰ ਤੋਂ</u>

- ਭਾਰਤੀ ਜਨਤਾ ਪਾਰਟੀ ਦੇ ਸੀਨੀਅਰ ਨੇਤਾ ਨਰੇਂਦਰ ਮੋਦੀ, ਸਰਵ ਸਹਿਮਤੀ ਨਾਲ NDA ਸੰਸਦੀ ਦਲ ਦੇ ਨੇਤਾ ਚੁਣੇ ਗਏ, ਕਿਹਾ ਕਿ ਇਹ 'ਰਾਸ਼ਟਰ ਪਹਿਲਾਂ' ਦੇ ਸਿਧਾਂਤ ਲਈ ਵਚਨਬੱਧ ਇੱਕ ਸੰਗਠਿਤ ਗਠਜੋੜ ਏ।
- ਪੰਜਾਬ ਦੇ ਮੁੱਖ ਸਕੱਤਰ ਅਨੁਰਾਗ ਵਰਮਾ ਅਨੁਸਾਰ, ਸੂਬਾ ਸਰਕਾਰ ਮਾਨਸੂਨ ਸੀਜ਼ਨ ਦੌਰਾਨ, ਕਿਸੇ ਵੀ ਸਥਿਤੀ ਨਾਲ ਨਜਿੱਠਣ ਲਈ ਪੂਰੀ ਤਰ੍ਹਾਂ ਤਿਆਰ ਏ।
- ਸੀ.ਬੀ.ਆਈ ਦੀ ਵਿਸ਼ੇਸ਼ ਅਦਾਲਤ ਨੇ. ਤਰਨਤਾਰਨ ਨਾਲ ਜੁੜੇ 31 ਸਾਲ ਪੁਰਾਣੇ ਫਰਜ਼ੀ ਐਨਕਾਊਂਟਰ ਮਾਮਲੇ ਵਿਚ, ਸਾਬਕਾ DIG ਨੂੰ 7 ਸਾਲ ਦੀ ਜੇਲ੍ਹ ਤੇ ਸਾਬਕਾ DSP ਨੂੰ ਉਮਰਕੈਦ ਦੀ ਸਜ਼ਾ ਸੁਣਾਈ।

- ਮੌਸਮ ਵਿਭਾਗ ਨੇ ਪੰਜਾਬ ਵਿਚ ਅੱਜ ਫੇਰ, 50 ਤੋਂ 60 ਕਿਲੋ-ਮੀਟਰ ਪ੍ਰਤੀ ਘੰਟੇ ਦੀ ਰਫਤਾਰ ਨਾਲ ਹਨੇਰੀ ਝੱਖੜ ਝੂਲਣ ਤੇ ਗਰਜ ਚਮਕ ਨਾਲ ਮੀਂਹ ਪੈਣ ਦੀ ਚੇਤਾਵਨੀ ਦਿੱਤੀ ਏ ।